# ਬਿੱਲ ਸੀ 50 ਨੂੰ ਰੱਦ ਕਰੋ! ਟੋਰੀਆਂ ਨੂੰ ਗੱਦੀਉਂ ਲਾਹੋ!

***ਕੈਨੇਡਾ ਦੀ ਕਮਿਊਨਿਸਟ ਪਾਰਟੀ ਦਾ ਹੋਕਾ***

ਟੋਰੀ ਸਰਕਾਰ ਨੇ ਬਿੱਲ ਸੀ 50 ਕੌਮੀ ਅਤੇ ਪਾਰ-ਕੌਮੀ ਕੰਪਨੀਆਂ ਅਤੇ ਕੰਮ-ਮਾਲਕਾਂ ਲਈ ਬਣਾਇਆ ਹੈ।

ਇਹ ਬਿੱਲ ਇਮੀਗਰੇਸ਼ਨ ਨੂੰ ਛਾਂਗਣ ਅਤੇ ਬਦੇਸ਼ੀ ਕੱਚੇ ਕਾਮਿਆਂ ਦੀ ਇਕ ਵੱਡੀ ਫੌਜ ਜਮ੍ਹਾਂ ਕਰਨ ਲਈ ਇਮੀਗਰੇਸ਼ਨ ਮਨਿਸਟਰ ਅਤੇ ਸਰਕਾਰ ਨੂੰ ਇਕ ਤਰਫਾ ਅਤੇ ਹੂੰਝਾ ਫੇਰ ਸ਼ਕਤੀਆਂ ਦਿੰਦਾ ਹੈ। ਜਿਸ ਨਾਲ ਮਜ਼ਦੂਰਾਂ ਦੇ ਹੱਕਾਂ ਲਈ ਅਤੇ ਉਨ੍ਹਾਂ ਦੀ ਰਾਖੀ ਲਈ ਬਣੇ ਕਾਨੂੰਨਾਂ ਨੂੰ ਖਤਮ ਕਰ ਦੇਵੇਗਾ।

ਇਹ ਹਰ ਤਰ੍ਹਾਂ ਦੇ ਮਜ਼ਦੂਰਾਂ ਦੇ ਹੱਕਾਂ ਨੂੰ ਖਤਮ ਕਰਕੇ, ਮੁਕਾਬਲੇਬਾਜ਼ੀ ਵਿਚ ਘੱਟ ਤਨਖਾਹ ਉੱਤੇ ਬਹੁਤੇ ਘੰਟਿਆਂ ਅਤੇ ਘਟੀਆ ਹਾਲਤਾਂ ਵਿਚ ਕੰਮ ਕਰਨ ਲਈ ਬਦੇਸ਼ਾਂ ਤੋਂ ਆਏ ਮਜ਼ਦੂਰਾਂ ਨੂੰ ਨਸਲਵਾਦੀ ਕਾਨੂੰਨਾਂ ਅਤੇ ਮਾਲਕਾਂ ਦੇ ਰਹਿਮ ਕਰਮ ਉੱਪਰ ਛੱਡ ਦੇਵੇਗਾ।

ਇਹ ਇਮੀਂਗਰਾਂਟ ਵਰਕਰਾਂ ਨੂੰ ਉਨ੍ਹਾਂ ਦੀਆਂ ਵੱਡੀਆਂ ਲੁੱਟਾਂ, ਇਮੀਂਗਰਾਂਟਾਂ ਨੂੰ ਨੁਕਸਾਨ ਪਹੁੰਚਾਉਣ ਅਤੇ ਕੈਨੇਡਾ ਵਿਚ ਜੰਮੇ ਪਲੇ ਵਰਕਰਾਂ ਨੂੰ ਆਰਜ਼ੀ ਵਰਕਰਾਂ ਵਿਚ ਬਦਲ ਦੇਣ ਲਈ ਹੈ।

ਇਹ ਕੈਨੇਡਾ ਵਿਚ ਜਮਹੂਰੀ ਹੱਕਾਂ, ਇਤਿਹਾਸ ਨੂੰ ਪੁੱਠਾ ਗੇੜਾ ਦੇ ਕੇ 100 ਸਾਲ ਪਿੱਛੇ ਸੁੱਟਣ, ਕਾਰਪੋਰੇਸ਼ਨਾਂ ਨੂੰ ਓੜਕਾਂ ਦੇ ਮੁਨਾਫੇ ਦੇਣ, ਵਰਕਰਾਂ ਦੀ ਲੁੱਟ ਵਿਚ ਵਾਧੇ ਦੀ ਦੌੜ ਵਿਚ ਸ਼ਾਮਲ ਕਰ ਦੇਵੇਗਾ।

**ਬਿੱਲ ਸੀ 50 ਲੇਬਰ ਵਿਰੋਧੀ, ਜਮਹੂਰੀਅਤ ਵਿਰੋਧੀ ਅਤੇ ਗੈਰ ਮਨੁੱਖੀ ਹੈ।**

ਹਾਰਪਰ ਸਰਕਾਰ ਨੇ ਇਸ ਭਿਆਨਕ ਹਮਲੇ ਨੂੰ ਬੱਜਟ ਵਿਚ ਲਪੇਟ ਕੇ ਇਸ ਲਈ ਪੇਸ਼ ਕੀਤਾ ਹੈ ਕਿ ਉਹ ਜਾਣਦੇ ਹਨ ਕਿ ਜੇ ਇਸ ਨੂੰ ਵੱਖਰੇ ਤੌਰ 'ਤੇ ਪੇਸ਼ ਕੀਤਾ ਜਾਂਦਾ ਤਾਂ ਕੈਨੇਡਾ ਦੇ ਮਿਹਨਤਕਸ਼ ਲੋਕਾਂ ਦੀ ਵੱਡੀ ਗਿਣਤੀ ਨੇ ਇਸ ਨੂੰ ਮੁੱਢੋਂ ਹੀ ਰੱਦ ਕਰ ਦੇਣਾ ਸੀ ਕਿਉਂਕਿ ਇਹ ਸਪਸ਼ਟ ਤੌਰ 'ਤੇ ਜਮਹੂਰੀਅਤ ਵਿਰੋਧੀ, ਲੇਬਰ ਵਿਰੋਧੀ ਅਤੇ ਗੈਰ ਮਨੁੱਖੀ ਕਾਨੂੰਨ ਹੈ।

ਟੋਰੀ ਸਰਕਾਰ ਜਾਣਦੀ ਹੈ ਕਿ ਬਿੱਲ ਸੀ 50 ਦੀਆਂ ਜਨਤਕ ਮੀਟਿੰਗਾਂ ਵਿਚ ਸੁਣਵਾਈ ਸਰਕਾਰ ਦੇ ਨਸਲਵਾਦ, ਭ੍ਰਿਸ਼ਟਤਾ, ਘਿਰਨਾ ਅਤੇ ਕਾਰਪੋਰੇਸ਼ਨਾਂ ਦੇ ਹਿੱਤਾਂ ਨੂੰ ਨੰਗਾ ਕਰ ਦੇਵੇਗੀ ਜਿਹੜੀ ਉਸ ਦੀ ਚੋਣਾਂ ਵਿਚ ਹਾਰ ਨੂੰ ਯਕੀਨੀ ਬਣਾ ਦੇਵੇਗੀ।

ਉਨ੍ਹਾਂ ਦਾ ਇਹ ਬਿੱਲ ਜਨਤਕ ਬਹਿਸਾਂ ਵਿਚ ਮੂਧੇ ਮੂੰਹ ਡਿੱਗੇਗਾ ਅਤੇ ਸਰਕਾਰ ਆਪਣੇ ਰਾਜਨੀਤਕ ਲੋਕ ਵਿਰੋਧੀ ਰੂਪ ਨੂੰ ਲੁਕਾ ਨਹੀਂ ਸਕੇਗੀ ਜਿਹੜੀ ਜਨਤਕ ਸੁਣਵਾਈ ਵਿਚ ਸਾਹਮਣੇ ਆ ਜਾਣੀ ਸੀ। ਇਸ ਵਿਚ ਉਹ ਮੱਦਾਂ ਵੀ ਸ਼ਾਮਲ ਹਨ ਜਿਸ ਅਨੁਸਾਰ ਮੰਤਰੀ ਨੂੰ ਇਕਤਰਫਾ ਵੱਡੇ ਅਧਿਕਾਰ ਮਿਲ ਜਾਣਗੇ ਜਿਸ ਨਾਲ ਉਹ ਮਰਜ਼ੀ ਨਾਲ ਚੋਣ ਕਰ ਸਕੇਗਾ ਕਿ ਕਿਹੜੇ ਲੋਕਾਂ ਨੂੰ ਇੱਥੇ ਸੱਦਣਾ ਹੈ, ਕਿਨ੍ਹਾਂ ਨੂੰ ਰੋਕਣਾ ਹੈ ਅਤੇ ਇਹ ਪਰਿਵਾਰਾਂ ਨੂੰ ਇਕ ਥਾਂ ਇਕੱਠੇ ਹੋਣ ਤੋਂ ਰੋਕਣ ਵਾਲਾ ਕਾਨੂੰਨ ਹੈ।

ਇਸੇ ਲਈ ਹਾਰਪਰ ਸਰਕਾਰ ਨੇ ਬਿੱਲ ਸੀ 50 ਗੁਪਤ ਵੋਟ ਨਾਲ ਪਾਸ ਕਰਨਾ ਚਾਹਿਆ ਹੈ। ਉਹ ਲਿਬਰਲ ਪਾਰਟੀ ਉੱਪਰ ਬਿੱਲ ਪਾਸ ਕਰਾਉਣ ਲਈ ਆਸਾਂ ਲਾਈ ਬੈਠੇ ਹਨ।

**ਇਹ ਬਿੱਲ ਸੀ 50 ਸਰਕਾਰ ਉੱਪਰ ਪਾਰਲੀਮੈਂਟਰੀ ਵਿਰੋਧੀ ਪਾਰਟੀਆਂ ਅਤੇ ਜਨਤਕ ਮੁਜਾਹਿਰਿਆਂ-ਰੈਲੀਆਂ ਦਾ ਦਬਾਅ ਪਾ ਕੇ ਵਾਪਸ ਲੈਣ ਲਈ ਮਜਬੂਰ ਕਰ ਦੇਣਾ ਚਾਹੀਦਾ ਹੈ। ਜੇ ਸਰਕਾਰ ਬਿੱਲ ਵਾਪਸ ਲੈਣੋ ਇਨਕਾਰ ਕਰਦੀ ਹੈ ਤਾਂ ਵਿਰੋਧੀ ਪਾਰਟੀਆਂ ਨੂੰ ਇਕੱਠੇ ਹੋ ਕੇ ਇਸ ਬਿੱਲ ਵਿਰੁੱਧ ਵੋਟ ਪਾ ਕੇ ਹਾਰ ਦੇਣੀ ਚਾਹੀਦੀ ਹੈ ਅਤੇ ਆਮ ਚੋਣਾਂ ਲਈ ਲੋਕਾਂ ਦੀ ਕਚਹਿਰੀ ਵਿਚ ਜਾਣਾ ਚਾਹੀਦਾ ਹੈ। ਇਸ ਤੋਂ ਬਿਨਾਂ ਦੂਜਾ ਕੋਈ ਰਾਹ ਨਹੀਂ ਹੈ।**

ਕਮਿਊਨਿਸਟ ਪਾਰਟੀ, ਮਿਹਨਤਕਸ਼ਾਂ ਅਤੇ ਜਮਹੂਰੀ ਲਹਿਰ ਦੀ ਇਕਮੁੱਠਤਾ ਲਈ ਸਾਰੇ, ਪਰਮਾਨੈਂਟ ਅਤੇ ਕੱਚੇ ਇਮੀਂਗਰਾਂਟਾਂ ਨਾਲ ਇਸ ਪਿਛਾਂਹ ਖਿੱਚੂ ਅਤੇ ਨਸਲਵਾਦੀ ਸਰਕਾਰ ਨੂੰ ਹਰਾਉਣ ਲਈ ਦ੍ਰਿੜਤਾ ਨਾਲ ਖੜ੍ਹੀ ਹੈ।

ਇਸ ਵੇਲੇ ਕੈਨੇਡਾ ਨੂੰ ਲੋਕ ਪੱਖੀ ਨਵੀਂ ਸਰਕਾਰ ਅਤੇ ਨਵੀਂਆਂ ਨੀਤੀਆਂ ਦੀ ਲੋੜ ਹੈ, ਜੋ ਮੁਨਾਫਿਆਂ ਨਾਲੋਂ ਲੋਕਾਂ ਨੂੰ ਪਹਿਲ ਦੇਵੇ। ਇਕ ਵਿਸ਼ਾਲ ਅਧਾਰ ਵਾਲਾ ਲੋਕਾਂ ਦਾ ਸਾਂਝਾ ਫਰੰਟ ਕੈਨੇਡਾ ਦੇ ਲੋਕਾਂ ਲਈ ਸਾਂਝੇ ਪ੍ਰੋਗਰਾਮ ਦੇ ਦੁਆਲੇ ਮਿਹਨਤਕਸ਼ਾਂ, ਪ੍ਰਗਤੀਵਾਦੀ ਅਤੇ ਜਮਹੂਰੀ ਸ਼ਕਤੀਆਂ ਨੂੰ ਇਕੱਠਾ ਕਰ ਸਕਦਾ ਹੈ ਜਿਹੜੀਆਂ ਵੱਡੇ ਵਪਾਰਕ ਅਤੇ ਨਵ ਉਦਾਰਵਾਦੀ ਨੀਤੀਆਂ ਦੀ ਥਾਂ ਬੁਨਿਆਦੀ ਸਮਾਜਿਕ ਤਬਦੀਲੀ ਲਈ ਰਾਹ ਖੋਲ੍ਹ ਦੇਣਗੀਆਂ।

ਬਿੱਲ ਸੀ 50 ਨੂੰ ਖਤਮ ਕਰਾਉਣਾ ਅਤੇ ਟੋਰੀ ਸਰਕਾਰ ਨੂੰ ਚੋਣਾਂ ਵਿਚ ਹਾਰ ਦੇਣਾ ਅੱਜ ਦੇ ਸਮੇਂ ਦੀ ਜੱਦੋਜਹਿਦ ਦਾ ਬਹੁਤ ਹੀ ਮਹੱਤਵਪੂਰਨ ਹਿੱਸਾ ਹੈ।

**ਕੈਨੇਡਾ ਦੀ ਕਮਿਊਨਿਸਟ ਪਾਰਟੀ ਸੱਦਾ ਦਿੰਦੀ ਹੈ:**

- ਬਿੱਲ ਸੀ 50 ਨੂੰ ਖਤਮ ਕਰੋ।
- ਸਾਰੇ ਇਮੀਗਰੇਸ਼ਨ ਅਤੇ ਰਫਿਊਜੀ ਕਾਨੂੰਨਾਂ ਦੀ ਜਨਤਕ ਸੁਣਵਾਈ ਹੋਵੇ।
- ਇਮੀਗਰੇਸ਼ਨ ਮਹਿਕਮੇ ਵਿਚ ਨਵੀਂ ਭਰਤੀ ਕਰਕੇ 925000 ਲਟਕਦੀਆਂ ਅਰਜ਼ੀਆਂ ਨੂੰ ਛੇਤੀ ਨਿਪਟਾਇਆ ਜਾਵੇ। ਅਨੇਕਾਂ ਕੇਸ ਸੱਤ ਸਾਲਾਂ ਤੋਂ ਲਟਕੇ ਹੋਏ ਹਨ।
- ਸਾਰੇ ਤਰ੍ਹਾਂ ਦੀ ਇਮੀਗਰੇਸ਼ਨ ਵਿਚ ਵਾਧਾ ਕੀਤਾ ਜਾਵੇ। ਪਰਿਵਾਰ ਏਕਤਾ ਨੂੰ ਪਹਿਲ ਦਿੱਤੀ ਜਾਵੇ। ਰਫਿਊਜੀ ਕਲੇਮਾਂ ਨੂੰ ਨਜਿੱਠਿਆ ਜਾਵੇ। ਭੇਦਭਾਵ ਵਾਲੇ ਅਤੇ ਨਸਲਵਾਦੀ ਨਿਯਮ ਖਤਮ ਕੀਤੇ ਜਾਣ। ਇਮੀਗਰੇਸ਼ਨ ਫੀਸ ਘੱਟ ਕੀਤੀ ਜਾਵੇ।
- ਬਿਨਾਂ ਵਿਤਕਰੇ ਦੇ ਸਾਰੇ ਵਰਕਰਾਂ ਲਈ ਅੰਤਰਰਾਸ਼ਟਰੀ ਲੇਬਰ ਔਰਗੇਨਾਈਜ਼ੇਸ਼ਨ (ਆਈ ਐੱਲ ਓ) ਦੇ ਅਧਿਕਾਰਾਂ, "ਕੈਨੇਡੀਅਨ ਚਾਰਟਰ ਆਫ ਰਾਈਟਸ ਐਂਡ ਫਰੀਡਮ" ਲਾਗੂ ਕੀਤਾ ਜਾਵੇ। ਫੈਡਰਲ ਅਤੇ ਸੂਬਾਈ ਲੇਬਰ ਕਾਨੂੰਨ ਸਾਰੇ ਵਰਕਰਾਂਉੱਪਰ ਬਿਨਾਂ ਦਰਜੇ ਦੇ ਭੇਦ ਤੋਂ ਇਕਸਾਰਤਾ ਨਾਲ ਲਾਗੂ ਕੀਤਾ ਜਾਵੇ।
- ਜਿਹੜੇ ਕੰਮ-ਮਾਲਕ ਇਨ੍ਹਾਂ ਲੇਬਰ ਕਾਨੂੰਨਾਂ ਦੀ ਉਲੰਘਣਾ ਕਰਨ ਉਨ੍ਹਾਂ ਨੂੰ ਸਖਤ ਸਜ਼ਾ ਦਿੱਤੀ ਜਾਵੇ।
- ਆਰਜ਼ੀ ਆਏ ਲੋਕਾਂ ਨੂੰ ਪੱਕਾ ਕੈਨੇਡੀਅਨ ਦਰਜਾ ਦਿੱਤਾ ਜਾਵੇ, ਡਿਪੋਰਟੇਸ਼ਨਾਂ ਬੰਦ ਕੀਤੀਆਂ ਜਾਣ, ਸਕਿਊਰਟੀ ਸਰਟੀਫਿਕੇਟ ਖਤਮ ਕੀਤੇ ਜਾਣ, ਹੇਬੀਅਸ ਕਾਰਪਸ ਨੂੰ ਬਹਾਲ ਕੀਤਾ ਜਾਵੇ।
- ਅੰਤਰਰਾਸ਼ਟਰੀ ਟਰੇਡ ਮਾਹਰਾਂ ਅਤੇ ਯੋਗਤਾ ਪ੍ਰਾਪਤ ਵਰਕਰਾਂ ਨੂੰ ਮਾਨਤਾ ਦਿੱਤੀ ਜਾਵੇ।

# ਲੋਕਾਂ ਦੀਆਂ ਲੋੜਾਂ ਪਹਿਲਾਂ – ਨਾ ਕਿ ਕਾਰਪੋਰੇਸ਼ਨਾਂ ਦੇ ਮੁਨਾਫੇ।

**ਕਮਿਊਨਿਸਟ ਪਾਰਟੀ ਆਫ ਕੈਨੇਡਾ**

290A Danforth Avenue, Toronoto. M4K 1N6
416-469-2446
www.communist-party.ca